# PUNJABI

**(Second Language)**

***Maximum Marks : 80***

***Time Allowed : Three Hours***

***Answers to this Paper must be written on the paper provided separately.***

*You will **not** be allowed to write during the first **15** minutes.*

*This time is to be spent in reading the question paper.*

***The time given at the head of this Paper is the time allowed for writing the answers.***

*This paper comprises of two Sections : **Section A** and **Section B**.*

*Attempt **all** the questions from **Section A**.*

*Attempt any **four** questions from **Section B**, answering atleast **one** question each from the **two** books you have studied and any **two** other questions from the same books you have compulsorily chosen.*

*The intended marks for questions or parts of questions are given in brackets [ ].*

**SECTION– A (40 Marks)**

*Attempt **all** questions from this section.*

**Question 1**

Write a short composition in **Punjabi** of approximately **250** words on any **one** of the following topics :— [15]

ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਤੇ ਘੱਟੋ-ਘੱਟ **250** ਸ਼ਬਦਾਂ ਦਾ ਲੇਖ **ਪੰਜਾਬੀ** ਵਿੱਚ ਲਿਖੋ :—

(i) ਸਾਡੀ ਧਰਤੀ ਤੇ ਅਨੇਕਾਂ ਹੀ ਰੁੱਤਾਂ ਆਉਂਦੀਆਂ ਹਨ। ਤੁਹਾਡੀ ਮਨਪਸੰਦ ਰੁੱਤ ਕਿਹੜੀ ਹੈ ? ਉਸ ਬਾਰੇ ਲਿਖੋ।

(ii) ਦਿਨੋ-ਦਿਨ ਵਧ ਰਹੀ ਆਵਾਜਾਈ ਇੱਕ ਗੰਭੀਰ ਰੂਪ ਧਾਰਨ ਕਰ ਰਹੀ ਹੈ, ਇਸ ਸਮੱਸਿਆ ਤੋਂ ਬਚਣ ਲਈ ਆਪਣੇ ਸੁਝਾਅ ਦਿਉ।

(iii) ਕਿਸੇ ਅੱਖੀ ਡਿੱਠੇ ਮੈਚ ਦਾ ਹਾਲ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

(iv) "ਜੈਸੀ ਸੰਗਤ, ਵੈਸੀ ਰੰਗਤ", ਇਸ ਨਾਲ ਸੰਬੰਧਿਤ ਵਿਚਾਰ, ਘਟਨਾ ਜਾਂ ਮੌਲਿਕ ਕਹਾਣੀ ਲਿਖੋ।



*© Copyright reserved.*

(v) ਹੇਠਾਂ ਦਿੱਤੀ ਤਸਵੀਰ ਨੂੰ ਦੇਖ ਕੇ ਤੁਹਾਡੇ ਮਨ ਵਿੱਚ ਜੋ ਵਿਚਾਰ ਜਾਂ ਖਿਆਲ ਪੈਦਾ ਹੁੰਦੇ ਹਨ ਉਨ੍ਹਾਂ ਨੂੰ ਕਿਸੇ ਘਟਨਾ, ਮੌਲਿਕ ਕਹਾਣੀ ਜਾਂ ਲੇਖ ਰਾਹੀਂ ਪੇਸ਼ ਕਰੋ :



**Question 2**

Write a letter in **Punjabi** in approximately **120** words on any **one** of the topics given below :— [7]

ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਤੇ ਘੱਟੋ-ਘੱਟ **120** ਸ਼ਬਦਾਂ ਦੀ ਕੋਈ **ਇੱਕ** ਚਿੱਠੀ/ਪੱਤਰ **ਪੰਜਾਬੀ** ਵਿੱਚ ਲਿਖੋ :—

(i) ਤੁਹਾਡੇ ਮੁਹੱਲੇ ਵਿੱਚ ਬਰਸਾਤ ਕਾਰਨ ਪਾਣੀ ਇਕੱਠਾ ਹੋ ਜਾਂਦਾ ਹੈ, ਜਿਸ ਕਾਰਨ ਸਭ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਸੰਬੰਧੀ ਨਗਰ ਨਿਗਮ ਦੇ ਮੇਅਰ ਨੂੰ ਠੋਸ ਕਦਮ ਚੁੱਕਣ ਲਈ ਬੇਨਤੀ ਕਰੋ।

**ਜਾਂ**

(ii) ਤੁਹਾਡਾ ਜਨਮ ਦਿਨ ਨੇੜੇ ਆ ਰਿਹਾ ਹੈ। ਤੁਸੀਂ ਇਸ ਨੂੰ ਕਿਸ ਢੰਗ ਨਾਲ ਮਨਾਉਣਾ ਚਾਹੁੰਦੇ ਹੋ, ਇਸ ਸੰਬੰਧੀ ਆਪਣੇ ਪਿਤਾ ਜੀ ਕੋਲੋਂ ਇਜ਼ਾਜਤ ਮੰਗਦੇ ਹੋਏ ਪੱਤਰ ਲਿਖੋ।

**Question 3**

Read the passage given below and answer in **Punjabi**, the questions that follow, using your own words as far as possible :—

ਹੇਠ ਲਿਖੇ ਪੈਰ੍ਹੇ ਨੂੰ ਪੜ੍ਹੋ ਅਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ, ਜਿਥੋਂ ਤੱਕ ਹੋ ਸਕੇ ਆਪਣੇ ਸ਼ਬਦਾਂ ਦੀ ਵਰਤੋਂ ਕਰੋ :—

ਸਮਾਂ ਬਹੁਤ ਕੀਮਤੀ ਹੈ। ਸਮਾਂ ਉਸ ਪਾਣੀ ਦੇ ਵਹਾਅ ਵਾਂਗ ਹੈ ਜੋ ਨਿਰੰਤਰ ਆਪਣੀ ਚਾਲ 'ਚ ਚਲਦਾ ਹੈ, ਭਾਵ ਰੁਕਦਾ ਨਹੀਂ। ਸਮਾਂ ਹਰ ਇੱਕ ਨੂੰ ਇੱਕ ਸਮਾਨ ਮਿਲਦਾ ਹੈ, ਕੋਈ ਇਸ ਦੀ ਉਚਿਤ ਵਰਤੋਂ ਕਰਕੇ ਉੱਚੀਆਂ ਬੁਲੰਦੀਆਂ ਛੂੰਹਦਾ ਹੈ ਤੇ ਕੋਈ ਇਸਨੂੰ ਅਜ਼ਾਈ ਗੁਆ ਕੇ ਪਛਤਾਉਂਦਾ ਹੈ।

ਸਮੇਂ ਦੀ ਪਾਬੰਦੀ ਮਨੁੱਖੀ ਜੀਵਨ ਵਿੱਚ ਅਤਿ ਜ਼ਰੂਰੀ ਹੈ। ਜਿਹੜਾ ਵਿਅਕਤੀ ਸਮੇਂ ਦਾ ਪਾਬੰਦ ਨਹੀਂ, ਉਸ ਨੂੰ ਕੋਈ ਵੀ ਚੰਗਾ ਨਹੀਂ ਸਮਝਦਾ। ਇਸ ਦੀ ਕੀਮਤ ਕੋਈ ਉਸ ਬੇਰੁਜ਼ਗਾਰ ਕੋਲੋਂ ਪੁੱਛੇ ਜਿਸ ਦੇ ਵੀਹ ਮਿੰਟ ਲੇਟ ਪਹੁੰਚਣ ਕਾਰਨ ਨੌਕਰੀ ਦਾ ਫੈਸਲਾ ਕਿਸੇ ਹੋਰ ਦੇ ਹੱਕ ਵਿੱਚ ਕਰ ਦਿੱਤਾ ਗਿਆ ਜਾਂ ਉਸ ਵਿਅਕਤੀ ਕੋਲੋਂ ਪੁੱਛੋ ਜਿਸ ਨੇ ਕਾਫੀ ਸਮੇਂ ਬਾਅਦ ਪਰਿਵਾਰ ਨੂੰ ਮਿਲਣਾ ਸੀ ਪਰ ਆਖਰੀ ਰੇਲ-ਗੱਡੀ ਵੀ ਉਸ ਦੇ ਪੰਜ ਮਿੰਟ ਲੇਟ ਹੋਣ ਕਾਰਨ ਖੁੰਝ ਗਈ।

ਜਿਹੜਾ ਮਨੁੱਖ ਸਮੇਂ ਦਾ ਪਾਬੰਦ ਹੁੰਦਾ ਹੈ, ਉਸ 'ਤੇ ਸਾਰੇ ਭਰੋਸਾ ਰੱਖਦੇ ਹੋਏ ਸੂਝਵਾਨ ਤੇ ਚੰਗਾ ਸਮਝਦੇ ਹਨ। ਕੁਦਰਤ ਵੱਲੋਂ ਹਰ ਕੰਮ ਦਾ ਵਕਤ ਮੁਕਰਰ ਹੈ। ਦਿਨ-ਰਾਤ ਆਪਣੇ-ਆਪਣੇ ਗੇੜ ਅਨੁਸਾਰ ਚਲ ਰਹੇ ਹਨ। ਹਰ ਕੰਮ ਨੂੰ ਸਮਾਂ-ਸਾਰਨੀ ਰਾਹੀਂ ਤੈਅ ਕੀਤਾ ਗਿਆ ਹੈ। ਅੰਗਰੇਜ਼ ਸਮੇਂ ਦੀ ਬਹੁਤ ਪਾਬੰਦੀ ਨਾਲ ਪਾਲਣਾ ਕਰਦੇ ਹਨ। ਕਈ ਮਹਾਨ ਸਖਸ਼ੀਅਤਾਂ ਨੇ ਵੀ ਸਮੇਂ ਦਾ ਸਹੀ ਸਦਉਪਯੋਗ ਕਰਕੇ ਆਪਣੇ ਜੀਵਨ ਨੂੰ ਸਫ਼ਲ ਬਣਾਇਆ ਹੈ। ਅਸਲ ਵਿੱਚ ਜੀਵਨ ਦੀ ਖੁਸ਼ਹਾਲੀ ਅਤੇ ਤਰੱਕੀ ਦਾ ਰਾਹ ਸਮੇਂ ਦੀ ਸਹੀ ਵਰਤੋਂ ਹੀ ਹੈ, ਸਾਨੂੰ ਕਦੇ ਵੀ ਅੱਜ ਦਾ ਕੰਮ ਕੱਲ੍ਹ ਤੇ ਨਹੀਂ ਛੱਡਣਾ ਚਾਹੀਦਾ।

ਮੁੱਕਦੀ ਗੱਲ ਇਹ ਹੈ ਕਿ ਸਮਾਂ ਨਿਰੰਤਰ ਗਤੀਸ਼ੀਲ ਹੈ। ਇਹ ਕਦੇ ਵੀ ਕਿਸੇ ਦੀ ਉਡੀਕ ਨਹੀਂ ਕਰਦਾ ਤੇ ਬੀਤਿਆ ਵਕਤ ਵਾਪਸ ਨਹੀਂ ਆਉਂਦਾ। ਜੇਕਰ ਅਸੀਂ ਆਪਣੇ ਰੋਜ਼ਾਨਾ ਦੇ ਜੀਵਨ ਨੂੰ ਇੱਕ ਅਨੁਸ਼ਾਸਨ ਵਿੱਚ ਬੰਨ੍ਹ ਕੇ ਚੱਲਾਗੇ ਤਾਂ ਹਰ ਕੰਮ ਲਈ ਸਮਾਂ ਮਿਲ ਜਾਵੇਗਾ। ਵੱਡੇ-ਵੱਡੇ ਮਹਾਂਪੁਰਖਾਂ ਨੇ ਸਾਨੂੰ ਸਮੇਂ ਨਾਲ ਚੱਲਣ ਦੀ ਸਿੱਖਿਆ ਦਿੱਤੀ ਹੈ।

ਉਪਰੋਕਤ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(i) ਸਮਾਂ ਕਿਸ ਵਹਾਅ ਵਾਂਗ ਆਪਣੀ ਚਾਲ ਚਲਦਾ ਹੈ ? [2]

(ii) ਇਸ ਪੈਰ੍ਹੇ ਵਿੱਚ ਸਮੇਂ ਦੇ ਮਹੱਤਵ ਬਾਰੇ ਕਿਹੜੀਆਂ ਉਦਾਹਰਨਾ ਦਿੱਤੀਆਂ ਗਈਆਂ ਹਨ ? [2]

(iii) ਕਿਹੜਾ ਵਿਅਕਤੀ ਸਿਆਣਾ ਤੇ ਭਰੋਸੇਯੋਗ ਹੁੰਦਾ ਹੈ ? [2]

(iv) ਇਸ ਪੈਰ੍ਹੇ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ? [2]

(v) ਸ਼ਬਦਾਂ ਦੇ ਅਰਥ ਲਿਖੋ :

ਉਚਿਤ, ਸੂਝਵਾਨ, ਅਜ਼ਾਈ, ਬੀਤਿਆ। [2]

**Question 4**

Answer the following questions according to the instruction given below :— [8]

ਹੇਠਾਂ ਦਿੱਤੇ ਨਿਰਦੇਸ਼ਾਂ ਅਨੁਸਾਰ ਉੱਤਰ ਦਿਉ :—

(i) Choose the correct meanings of the following idioms :—

ਮੁਹਾਵਰਿਆਂ ਦੇ ਸਹੀ ਅਰਥ ਚੁਣੋ :

(1) ਜ਼ਬਾਨ ਕਰਨਾ

(a) ਨਫ਼ਰਤ ਕਰਨਾ

(b) ਲੜਾਈ ਕਰਨਾ

(c) ਇਕਰਾਰ ਕਰਨਾ

(d) ਗੁਜ਼ਾਰਾ ਕਰਨਾ

(2) ਆਈ ਚਲਾਈ ਕਰਨਾ

(a) ਪੈਸਾ ਆਉਣਾ

(b) ਬੱਸ-ਗੱਡੀ ਚੜ੍ਹਨਾ

(c) ਮੁਸ਼ਕਲ ਨਾਲ ਗੁਜ਼ਾਰਾ ਕਰਨਾ

(d) ਅਮੀਰ ਹੋਣਾ

(3) ਦੰਦ ਖੱਟੇ ਕਰਨਾ

(a) ਹਰਾ ਦੇਣਾ

(b) ਭੱਜ ਜਾਣਾ

(c) ਰੁੱਕਣਾ

(d) ਥੱਕ ਜਾਣਾ

(4) ਨੱਕ ਵਿੱਚ ਦਮ ਕਰਨਾ

(a) ਧੋਖਾ ਦੇਣਾ

(b) ਬਹੁਤ ਤੰਗ ਕਰਨਾ

(c) ਪ੍ਰੇਮ ਕਰਨਾ

(d) ਔਖੇ ਸਾਹ ਆਉਣੇ

(ii) Choose the right option :

ਸਹੀ ਉੱਤਰ ਚੁਣੋ :—

(1) ਸਾਡੀ ਟੀਮ ਮੈਚ ਜਿੱਤ ਗਈ ਸੀ :

(a) ਵਰਤਮਾਨ ਕਾਲ

(b) ਭੂਤਕਾਲ

(c) ਭਵਿੱਖਤ ਕਾਲ

(d) ਪੂਰਨ ਵਰਤਮਾਨ ਕਾਲ

(2) ਜਿਸਦੀ ਸ਼ਕਲ ਭੈੜੀ ਹੋਵੇ :

(a) ਸਰੂਪ

(b) ਸੁੰਦਰ

(c) ਕਰੂਪ

(d) ਖੂਬਸੂਰਤ

(3) ਪਸ਼ੂਆਂ ਦਾ ਇਕੱਠ :

(a) ਵੱਗ

(b) ਪਸ਼ੂਖਾਨਾ

(c) ਸਮੂਹ

(d) ਇੱਜੜ

(4) 'ਕਾਰੀਗਰ' ਦਾ ਵਿਰੋਧੀ ਸ਼ਬਦ _______ ਹੈ।

(a) ਸੁਚੱਜਾ

(b) ਕਾਸ਼ਤਕਾਰ

(c) ਵਧੀਆ

(d) ਅਨਾੜੀ

## SECTION—B (40 Marks)

*Questions from only **two** of the following textbooks are to be answered.*

*Attempt **four** questions from this section.*

*You must answer at least **one** question from each of the **two** books, you have studied and any **two** other questions from the same books that you have chosen.*

### ਕਥਾ–ਸੰਵੇਦਨਾ

### KATHA–SAMVEDNA

**Question 5**

Read the extract given below and answer in **Punjabi** the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਮੈਨੂੰ ਤੇ ਜੀ ਆਪ ਚਿੰਤਾ ਲੱਗੀ ਹੋਈ ਏ। ਭੈੜੇ ਘੀਚਰਾਂ ਨੇ ਫਰਸ਼ ਦਾ ਸਤਿਆਨਾਸ ਕਰ ਛਡਿਐ। ਵਿਚਾਰੇ ਖੁਸ਼ੀਏ ਨੂੰ ਦੂਜੀ ਵਾਰ ਸਾਫ ਕਰਨਾ ਪਿਐ।" "ਕੀ ਕਹਿੰਦੇ ਸੀ, ਫੇਰ ਆਵਾਂਗੇ ?" "ਆਹੋ ਜੀ, ..................... ?"

**ਚੰਦੋਆ — ਡਾ. ਕਰਤਾਰ ਸਿੰਘ ਸੂਰੀ**

**Chandoa — Dr. Kartar Singh Suri**

(i) ਵਾਰਤਾਲਾਪ ਕਰਨ ਵਾਲੇ ਪਾਤਰਾਂ ਦਾ ਆਪਸੀ ਰਿਸ਼ਤਾ ਕੀ ਹੈ ? [2]

(ii) ਇਹ ਗੱਲਬਾਤ ਕਰਨ ਵਾਲੇ ਪਾਤਰ ਕਿਉਂ ਪਰੇਸ਼ਾਨ ਹਨ ? [2]

(iii) ਜਿਹਨਾਂ ਬਾਰੇ ਗੱਲਬਾਤ ਕੀਤੀ ਜਾ ਰਹੀ ਹੈ, ਉਹ ਪਾਤਰ ਕਿੱਥੇ ਗਏ ਹਨ ਅਤੇ ਕਿਉਂ ? [3]

(iv) ਤੁਹਾਡੇ ਵਿਚਾਰ ਅਨੁਸਾਰ ਇਨ੍ਹਾਂ ਪਾਤਰਾਂ ਦਾ ਅਜਿਹਾ ਸੋਚਣਾ ਠੀਕ ਹੈ ਜਾਂ ਗ਼ਲਤ, ਸੰਖੇਪ ਉੱਤਰ ਦਿਓ। [3]

**Que stion 6**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

" ਇਸ ਤਰ੍ਹਾਂ ਦੀਆਂ ਚਿੱਠੀਆਂ ਲਿਖ-ਲਿਖ ਮੈਂ ਥੱਕ ਗਿਆ ਸਾਂ। ਵਾਰਿਸ ਸ਼ਾਹ ਦੀ ਬੈਂਤ ਤੋਂ ਲੈ ਕੇ ਕਬੀਰ ਦੇ ਦੋਹੇ ਤੱਕ ਉਹ ਆਪਣੀਆਂ ਚਿੱਠੀਆਂ 'ਚ ਪਤਾ ਨਹੀਂ ਕਿਉਂ ਲਿਖਵਾਉਂਦੀਆਂ ? ਹੋਰ ਛੋਟੇ-ਛੋਟੇ ਟੋਟਕਿਆਂ ਦਾ ਤਾਂ ਅੰਤ ਨਹੀਂ ਸੀ।

**ਬਾਕੀ ਸਭ ਸੁੱਖ ਸਾਂਦ ਹੈ — ਸ਼੍ਰੀ ਮੋਹਨ ਭੰਡਾਰੀ**

**Baki Sab Sukh Saand Hai — Shri Mohan Bhandari**

(i) ਪਿੰਡ ਦੇ ਲੋਕ ਮੋਹਣ ਸਿੰਘ ਕੋਲੋਂ ਹੀ ਚਿੱਠੀਆਂ ਕਿਉਂ ਲਿਖਵਾਉਂਦੇ ਸਨ ? [2]

(ii) ਬੁੜ੍ਹੀਆਂ ਆਪਣੀਆਂ ਚਿੱਠੀਆਂ ਵਿੱਚ ਕੀ ਕੁਝ ਲਿਖਾਉਂਦੀਆਂ ? [2]

(iii) ਕਹਾਣੀਕਾਰ ਨੇ ਕਿਹੜੀ ਸਮੱਸਿਆ ਬਾਰੇ ਸੰਦੇਸ਼ ਦੇਣਾ ਚਾਹਿਆ ਹੈ ? [3]

(iv) ਮੋਹਣ ਸਿੰਘ ਚਿੱਠੀਆਂ ਲਿਖਦਾ ਦੁਖੀ ਕਿਉਂ ਹੁੰਦਾ ਸੀ ? [3]

**Question 7**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

'ਤੇ ਫਿਰ ਜ਼ੀਨਤ ਦਾ ਘਰ ਵਾਲਾ ਗੁਜ਼ਰ ਗਿਆ। ਚਾਰ ਦਿਨ ਬਿਮਾਰ ਰਿਹਾ ਤੇ ਖਤਮ ਹੋ ਗਿਆ। ਮਾਮੂਲੀ ਜਿਹਾ ਬੁਖ਼ਾਰ ਸੀ। ਇੱਕ ਵਾਰ ਪਲੰਘ ਤੇ ਪਿਆ ਤੇ ਫਿਰ ਉੱਠਿਆ ਨਹੀਂ।'

**ਜ਼ੀਨਤ ਆਪਾ — ਕਰਤਾਰ ਸਿੰਘ ਦੁੱਗਲ**

**Zeenat Aapa — Kartar Singh Duggal**

(i) ਜ਼ੀਨਤ ਆਪਾ ਦਾ ਖਾਵੰਦ ਵੇਖਣ ਨੂੰ ਕਿਹੋ ਜਿਹਾ ਸੀ ? [2]

(ii) ਜ਼ੀਨਤ ਆਪਾ ਦੀ ਜ਼ਿੰਦਗੀ ਦੇ ਕਿੰਨੇ ਪੜਾਅ ਕਹਾਣੀ ਵਿੱਚ ਵਿਚਾਰੇ ਗਏ ਹਨ ? [2]

(iii) ਜ਼ੀਨਤ ਆਪਾ ਦੇ ਖਾਵੰਦ ਦੀ ਮੌਤ 'ਤੇ ਉਸਦਾ ਕੀ ਪ੍ਰਤੀਕਰਮ ਸੀ ? [3]

(iv) ਜ਼ੀਨਤ ਕਿਹੋ ਜਿਹੀ ਧੀ ਸੀ ? [3]

## ਕਾਵਿ-ਸੰਵੇਦਨਾ

## KAV-SAMVEDNA

**Question 8**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

'ਉੱਚਾ ਨੀਵਾਂ ਰਾਹ ਵੀ ਨਾ ਸੋਚਿਆ ਵਿਚਾਰਿਆ।
ਠੇਡਾ ਲੱਗਾ, ਡਿੱਗ ਪਿਆ ਮੂੰਧੜੇ-ਮੂੰਹ ਜ਼ਿਮੀਂ ਉੱਤੇ,
ਉਸ ਵੇਲੇ ਮੁੱਠ ਵਿੱਚੋਂ ਦਿਲ ਇਹ ਪੁਕਾਰਿਆ।
"ਲੱਖ-ਲੱਖ ਵਾਰੀ ਤੈਥੋਂ, ਵਾਰੀ ਜਾਵੇ ਅੰਬੜੀ ਇਹ,
ਸੱਟ ਤਾਂ ਨਹੀ ਲੱਗੀ ਮੇਰੇ ਬੱਚਿਆ ਪਿਆਰਿਆ।"

**ਮਾਂ ਦਾ ਦਿਲ — ਫ਼ੀਰੋਜ਼ਦੀਨ ਸ਼ਰਫ਼**

**Maa Da Dil — Firoz Din Sharaf**

(i) ਪੁੱਤਰ ਉੱਚੇ-ਨੀਵੇ ਰਸਤੇ ਬਾਰੇ ਕਿਉਂ ਨਹੀਂ ਸੋਚਦਾ ? [2]

(ii) ਮਾਂ ਦੇ ਦਿਲ ਨੇ ਪੁੱਤਰ ਨੂੰ ਕੀ ਕਿਹਾ ? [2]

(iii) ਠੇਡਾ ਲੱਗ ਕੇ ਕੌਣ ਡਿੱਗ ਪਿਆ ਸੀ ਅਤੇ ਕਿਉਂ ? [3]

(iv) ਮਾਂ ਦੇ ਪਿਆਰ ਦੀ ਕਿਹੜੀ ਮਿਸਾਲ ਦਿੱਤੀ ਗਈ ਹੈ ? [3]

**Question 9**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਮੇਰਾ ਵੀ ਇਹ ਦਿਲ ਕਰਦਾ ਏ,
ਰੁੱਖ ਦੀ ਜੂਨੇ ਆਵਾਂ।
ਜੇ ਤੁਸਾਂ ਮੇਰਾ ਗੀਤ ਹੈ ਸੁਣਨਾ,
ਮੈਂ ਰੁੱਖਾਂ ਵਿੱਚ ਗਾਵਾਂ।
ਰੁੱਖ ਤਾਂ ਮੇਰੀ ਮਾਂ ਵਰਗੇ ਨੇ,
ਜਿਉਣ ਰੁੱਖਾਂ ਦੀਆਂ ਛਾਵਾਂ।

**ਰੁੱਖ — ਸ਼ਿਵ ਕੁਮਾਰ ਬਟਾਲਵੀ**

**Rukh — Shiv Kumar Batalvi**

(i) ਕਵੀ ਦਾ ਦਿਲ ਕੀ ਕਰਦਾ ਹੈ ? [2]

(ii) ਕਵੀ ਨੇ ਰੁੱਖਾਂ ਦੀ ਤੁਲਨਾ ਆਪਣੇ ਕਿਹੜੇ ਪਰਿਵਾਰਕ ਜੀਆਂ ਨਾਲ ਕੀਤੀ ਹੈ ? [2]

(iii) ਕਵੀ ਨੂੰ ਰੁੱਖਾਂ ਦੀਆਂ ਛਾਵਾਂ ਕਿਸ ਵਰਗੀਆਂ ਲਗਦੀਆਂ ਹਨ ? [3]

(iv) ਇਸ ਕਵਿਤਾ ਦਾ ਕੇਂਦਰੀ ਭਾਵ ਲਿਖੋ। [3]

**Question 10**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

'ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।
ਮੀਹਾਂ ਦੀ ਉਡੀਕ ਤੇ ਸਿਆੜ ਕੱਢ ਕੇ,
ਮਾਲ ਢਾਂਡਾ ਸਾਂਭਣੇ ਨੂੰ ਕਾਮਾ ਛੱਡ ਕੇ।
ਪੱਗ ਝੱਗਾ ਚਾਦਰਾ ਨਵਾਂ ਸਿਵਾਇ ਕੇ,
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।'

**ਮੇਲੇ ਵਿੱਚ ਜੱਟ — ਧਨੀ ਰਾਮ ਚਾਤ੍ਰਿਕ**

**Mele Vich Jatt — Dhani Ram Chatrak**

(i) ਮੇਲੇ ਕੌਣ ਜਾ ਰਿਹਾ ਹੈ ਤੇ ਕਿਉਂ ? [2]

(ii) ਮੇਲੇ ਜਾਣ ਲਈ ਕੀ-ਕੀ ਤਿਆਰੀ ਕੀਤੀ ਗਈ ਹੈ ? [2]

(iii) ਕਵਿਤਾ ਦਾ ਵਿਸ਼ਾ ਆਪਣੇ ਸ਼ਬਦਾਂ ਵਿੱਚ ਲਿਖੋ। [3]

(iv) 'ਵੰਝਲੀ' ਤੋਂ ਕੀ ਭਾਵ ਹੈ ? ਆਲੇ-ਦੁਆਲੇ ਦਾ ਮਾਹੌਲ ਕਿਹੋ ਜਿਹਾ ਹੈ ? [3]

## ਪਤਾਲ ਦੇ ਗਿੱਠਮੁਠੀਏ — ਜਸਬੀਰ ਭੁੱਲਰ

## PATAAL DE GITHMUTHIYE — JASBIR BHULLAR

**Question 11**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

'ਚਲਦਿਆਂ-ਚਲਦਿਆਂ ਨਿੱਕੂ ਦੀਆਂ ਬਾਹਵਾਂ ਹੰਭ ਗਈਆਂ। ਉਹਦੀਆਂ ਅਰਕਾਂ ਦੁਖਣ ਲੱਗ ਪਈਆਂ। ਉਸਨੂੰ ਲੱਗਾ ਸ਼ਾਇਦ ਗੋਡੇ ਛਿੱਲੇ ਗਏ ਸਨ। ਉਸਨੇ ਖਿਝ ਕੇ ਇਮੂ ਨੂੰ ਕਿਹਾ "ਇਹ ਤੇਰਾ ਦੇਸ਼ ਕਿਹੋ ਜਿਹਾ ਹੈ ?"

(i) ਨਿੱਕੂ ਨੂੰ ਖਿੱਝ ਕਿਉਂ ਆਈ ? [2]

(ii) ਇਮੂ ਦਾ ਦੇਸ਼ ਕਿਹੜਾ ਸੀ ? [2]

(iii) ਕੀ ਨਿੱਕੂ, ਇਮੂ ਦੇ ਦੇਸ਼ ਵਿੱਚ ਆਪਣੇ ਅਸਲੀ ਰੂਪ ਵਿੱਚ ਹੀ ਫਿਰਦਾ-ਤੁਰਦਾ ਹੈ ? [3]

(iv) ਕੀ ਨਿੱਕੂ ਕਦੇ ਦੁਬਾਰਾ ਆਪਣੀ ਦੁਨੀਆਂ ਵਿੱਚ ਵਾਪਿਸ ਪਹੁੰਚਿਆ ਜਾਂ ਨਹੀਂ ? [3]

**Question 12**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਬੌਰੇ ਗਿੱਠਮੁਠੀਏ ਨੇ ਸ਼ੀਸ਼ੇ ਵਾਲਾ ਹੱਥ ਇਮੂ ਵਲ ਕਰ ਦਿੱਤਾ। ਇਮੂ ਨੇ ਸ਼ੀਸ਼ਾ ਫੜ ਕੇ ਅੱਖ ਨਾਲ ਲਾ ਲਿਆ। ਸ਼ੀਸ਼ੇ ਵਿੱਚ ਰਾਜਾ ਨਿੱਕੇ ਜਿਹੇ ਬਿੰਦੂ ਵਾਂਗ ਦਿਖ ਰਿਹਾ ਸੀ।

(i) ਬੌਰਾ ਗਿੱਠਮੁਠੀਆ ਨਿੱਕੂ ਅਤੇ ਇਮੂ ਨੂੰ ਕਿੱਥੇ ਮਿਲਿਆ ? [2]

(ii) ਇਹਨਾਂ ਨੇ ਬੌਰੇ ਗਿੱਠਮੁਠੀਏ ਤੋਂ ਸ਼ੀਸ਼ਾ ਕਿਉਂ ਲਿਆ ? [2]

(iii) ਇਹਨਾਂ ਨੇ ਸ਼ੀਸ਼ੇ ਬਦਲੇ ਬੌਰੇ ਗਿੱਠਮੁਠੀਏ ਨੂੰ ਕੀ ਦਿੱਤਾ ? [3]

(iv) ਇਸ ਸ਼ੀਸ਼ੇ ਕਾਰਨ ਇਮੂ ਨੂੰ ਕਿਹੜੀ ਮੁਸੀਬਤ ਦਾ ਸਾਹਮਣਾ ਕਰਨਾ ਪਿਆ ? [3]

**Question 13**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਨਿੱਕੂ ਅਬੜਵਾਹੇ ਉਠਿਆ। ਉਹਨੇ ਅੱਖਾਂ ਮਲੀਆਂ ਤੇ ਆਕੜ ਭੰਨੀਂ। ਉਹਨੇ ਭੰਮੱਤਰਿਆਂ ਵਾਂਗ ਸੁੱਚਾ ਸਿੰਘ ਵਲ ਵੇਖਿਆ ਤੇ ਫਿਰ ਚੁਫੇਰੇ ਵੇਖਿਆ, "ਮੈਂ ਇੱਥੇ ਕਿਤਰ੍ਹਾਂ ਪਹੁੰਚ ਗਿਆ ?"

(i) ਵਾਰਤਾਲਾਪ ਕਰਨ ਵਾਲਿਆਂ ਦਾ ਆਪਸ ਵਿੱਚ ਕੀ ਰਿਸ਼ਤਾ ਹੈ ? [2]

(ii) ਇਮ੍ਹ ਨੇ ਨਿੱਕੂ ਨੂੰ ਕਿੱਥੇ ਤੋਰਿਆ ਸੀ ? [2]

(iii) ਨਿੱਕੂ ਨੇ ਸੁੱਚਾ ਸਿੰਘ ਨੂੰ ਕੀ ਦੱਸਿਆ ਸੀ ? [3]

(iv) ਨਿੱਕੂ ਦਾ ਪਾਤਰ ਚਿਤਰਣ ਆਪਣੇ ਸ਼ਬਦਾਂ ਵਿੱਚ ਕਰੋ। [3]

**ਮੰਚ—ਮਹਿਕ**

**MANCH MEHAK**

**Question 14**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਸਿਲੇਬਸਾਂ ਬਾਰੇ ਹੁਣ ਕੀ ਕਹੀਏ .......... ਸਾਰੇ ਹੀ ਲਗਵਾਉਂਦੇ ਨੇ, ਸਾਨੂੰ ਵੀ ਲਗਵਾਉਣਾ ਪੈਂਦਾ ਹੈ .......... ਜੇ ਨਾ ਲਗਵਾਈਏ ਤਾਂ ਬੱਚਿਆਂ ਦੇ ਪੇਰੈਂਟਸ ਇਤਰਾਜ਼ ਕਰਦੇ ਨੇ ..........

**ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ — ਪਾਲੀ ਭੁਪਿੰਦਰ ਸਿੰਘ**

**Phullan Nu Kitaban Vich Na Rakho — Pali Bhupinder Singh**

(i) ਉਪਰੋਕਤ ਵਾਰਤਾਲਾਪ ਬੋਲਣ ਵਾਲਾ ਪਾਤਰ ਕੌਣ ਹੈ ? [2]

(ii) ਉਪਰੋਕਤ ਸਤਰਾਂ ਕਿਸ ਬਾਰੇ ਵਿੱਚ ਕਹੀਆਂ ਗਈਆਂ ਹਨ ? [2]

(iii) ਨਿੱਕੀ (ਨੀਲ ਪਰੀ) ਦੇ ਸੁਭਾਅ ਬਾਰੇ ਸੰਖੇਪ ਵਿੱਚ ਦੱਸੋ। [3]

(iv) ਇਕਾਂਗੀ ਦੇ ਅੰਤ ਵਿੱਚ ਕੀ ਵਾਪਰਦਾ ਹੈ ? [3]

**Question 15**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਆਦਮੀ — ਮੈਂ ਵੀ ਘਰ ਦੀ ਗੱਲ ਕਰਨ ਆਇਆ ਹਾਂ।

ਡਾਕਟਰ — ਘਰ ਦੀ ਗੱਲ ?

ਆਦਮੀ — ਹਾਂ, ਡਾਕਟਰ ਸਾਹਿਬ ਮੇਰਾ ਅੱਠਵਾਂ ਫੇਰਾ ਏ।

**ਡਾਕਟਰ ਪਲਟਾ — ਬਲਵੰਤ ਗਾਰਗੀ**

**Dr. Palta — Balwant Gargi**

(i) ਆਦਮੀ ਕੌਣ ਹੈ ਅਤੇ ਉਹ ਅੱਠਵੀਂ ਵਾਰ ਕਿਉਂ ਆਇਆ ਹੈ ? [2]

(ii) ਆਦਮੀ ਡਾਕਟਰ ਪਲਟਾ ਨੂੰ ਕੀ ਧਮਕੀ ਦੇ ਕੇ ਜਾਂਦਾ ਹੈ ? [2]

(iii) ਡਾਕਟਰ ਪਲਟਾ ਦੀ ਕੀ ਸਮੱਸਿਆ ਹੈ ? ਵਿਸਥਾਰ ਸਹਿਤ ਲਿਖੋ। [3]

(iv) ਡਾਕਟਰ ਪਲਟਾ ਦੀ ਪਤਨੀ ਕੌਣ ਹੈ ਅਤੇ ਉਸਦਾ ਸੁਭਾਅ ਕਿਹੋ ਜਿਹਾ ਹੈ ? [3]

**Question 16**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

'ਬਾਬਾ ਜੀ ਨੇ ਹਾਲੇ ਤੱਕ ਇਸ ਘਰ ਦੇ ਦੋ ਟੋਟੇ ਮਨੋਂ ਨੀ ਮੰਨੇ। ਤਾਂ ਹੀ ਐਨੇ ਸਾਲਾਂ ਤੋਂ ਕੱਲੇ ਆਪਣੇ ਢਾਰੇ ਵਿੱਚ ਬੈਠੇ ਐਂ। ਤੁਸੀਂ ਉਹਨਾਂ ਦਾ ਮਨ ਕਿਉਂ ਨਹੀਂ ਪੜ੍ਹਦੇ।'

**ਪਰਤ ਆਉਣ ਤੱਕ — ਸਤੀਸ਼ ਵਰਮਾ**

**Parat Auan Tak — Satish Verma**

(i) ਉਪਰੋਕਤ ਸ਼ਬਦ ਕਿਸਨੂੰ ਅਤੇ ਕਦੋਂ ਕਹੇ ? [2]

(ii) ਬੋਲਣ ਵਾਲੇ ਦਾ ਬਾਬਾ ਜੀ ਨਾਲ ਕੀ ਰਿਸ਼ਤਾ ਹੈ ਅਤੇ ਉਹ ਕੀ ਚਾਹੁੰਦਾ ਹੈ ? [2]

(iii) ਸੰਤੀ ਅਤੇ ਕਰਤਾਰੀ ਦੀ ਆਪਸ ਵਿੱਚ ਕੀ ਰਿਸ਼ਤੇਦਾਰੀ ਹੈ ? ਇਹ ਰਿਸ਼ਤਾ ਕਿਵੇਂ ਨਿਭਦਾ ਹੈ ? [3]

(iv) ਇਕਾਂਗੀ ਦਾ ਸੰਦੇਸ਼ ਕੀ ਹੈ ? ਆਪਣੇ ਸ਼ਬਦਾਂ ਵਿੱਚ ਲਿਖੋ। [3]